29336

ਅਨੁਵਾਦਿਕ ਵਲੋਂ

G.553

ਪਿਛਲਿਆਂ ਕੁਝ ਸਾਲਾਂ ਵਿਚ ਜਿੰਨੀਆਂ ਕਿਤਾਬਾਂ ਸੋਸ਼ਲਿਜ਼ਮ ਅਤੇ ਸਾਵੀਅਟ ਰੂਸ ਉੱਤੇ ਲਿਖੀਆਂ ਗਈਆਂ ਹਨ, ਹੋਰ ਕਿਸੇ ਮਜ਼ਮੂਨ ਤੇ ਨਹੀਂ ਲਿਖੀਆਂ ਗਈਆਂ। ਸਾਵੀਅਟ ਯੂਨੀਅਨ ਦੇ ਬਾਲਸ਼ਵਿਕਾਂ ਨੇ ਇਕ ਕਮਾਲ ਦਾ ਕਾਮਯਾਬ ਤਜਰਬਾ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਹੈ, ਤੇ ਅਜ ਸੋਸ਼ਲਿਜ਼ਮ ਦੇ ਮੁਖ਼ਾਲਿਫ਼ ਵੀ ਇਸ ਵਲ ਧਿਆਨ ਦੇਣ ਲਈ ਮਜਬੂਰ ਹੋ ਗਏ ਹਨ।

ਦੁਨੀਆ ਭਰ ਦੇ ਮਜ਼ਦੂਰਾਂ ਤੇ ਕਿਸਾਨਾਂ ਨੇ ਸਾਵੀਅਟ ਰੂਸ ਤੋਂ ਪ੍ਰੇਰਨਾ ਲੈ ਕੇ ਆਪਣੇ ਆਪਣੇ ਮੁਲਕਾਂ ਅੰਦਰ ਜੱਦੋ-ਜਹਿਦ ਸ਼ੁਰੂ ਕੀਤੀ ਹੋਈ ਹੈ। ਹਰ ਇਕ ਮੁਲਕ ਅੰਦਰ ਸੋਸ਼ਲਿਜ਼ਮ ਦੇ ਖ਼ਿਆਲ ਜ਼ੋਰ ਫੜ ਰਹੇ ਹਨ; ਇਸ ਲਈ ਅਜ ਇਸ ਮਜ਼ਮੂਨ ਉੱਤੇ ਸਾਹਿਤ ਦੀ ਬਹੁਤ ਲੋੜ ਹੈ। ਸਾਡੇ ਮੁਲਕ ਅੰਦਰ ਇਸ ਬਾਰੇ ਅੰਗਰੇਜ਼ੀ, ਹਿੰਦੀ ਆਦਿ ਕਈ ਜ਼ਬਾਨਾਂ ਵਿਚ ਤਾਂ ਕਾਫੀ ਸਾਹਿਤ ਮਿਲਦਾ ਹੈ ਪਰ ਪੰਜਾਬੀ ਵਿਚ ਇਹ ਨਾ ਹੋਣ ਦੇ ਬਰਾਬਰ ਹੈ, ਸੋ ਮੁਲਕ ਦੇ ਅਗਾਂਹ ਵਧੂ ਭਾਗ ਨੂੰ ਇਸ ਪਾਸੇ ਧਿਆਨ ਦੇਣ ਦੀ ਬੜੀ ਲੋੜ ਹੈ।

ਇਸੇ ਘਾਟ ਨੂੰ ਮੁਖ ਰਖਦਿਆਂ ਮੈਂ ਇਹ ਪੈਂਫਲਿਟ ਲਿਖਿਆ ਹੈ ਇਹ ਮੁਹਿਬੁਲ ਹਸਨ ਜੀ ਦੇ ਅੰਗਰੇਜ਼ੀ ਪੈਂਫਲਿਟ 'National Minorities in the U. S. S. R' ਦਾ ਅਨੁਵਾਦ ਹੈ।

ਸਾਡੇ ਆਪਣੇ ਮੁਲਕ ਵਿਚ ਘਟ ਗਿਣਤੀਆਂ ਦਾ ਸਵਾਲ ਬੜਾ ਗੁੰਝਲਦਾਰ ਤੇ ਬੇ-ਹਲ ਜਿਹਾ ਬਣਿਆ ਪਿਆ ਹੈ। ਪਰ ਰੂਸ ਵਿਚ ਸਾਡੇ

SARDAR GYAL SINGH LAHORE

ਸੁਹਣੇ ਰੰਗ, ਨੀਲੀਆਂ ਅੱਖਾਂ ਅਤੇ ਲੰਮੇ ਸਿਰਾਂ ਵਾਲੇ ਸਫ਼ੇਦ ਰੂਸੀ (ਪੰਜਾਹ ਲਖ) ਰਹਿੰਦੇ ਹਨ। ਕਰੀਮੀਆਂ ਵਿਚ ਤਾਤਾਰੀ ਮੁਸਲਮਾਨ ਰਹਿੰਦੇ ਹਨ।

ਕਾਕੇਸ਼ੀਆ ਦੇ ਕਿਸੇ ਹਿੱਸੇ ਵਿਚ ਵੀ ਕੋਈ ਖ਼ਾਸ ਕੌਮ ਨਹੀਂ ਵਸਦੀ। ਰਲੇ ਮਿਲੇ ਲੋਕ ਰਹਿੰਦੇ ਹਨ । ਉੱਤਰ ਵਿਚ ਕਾਸਕਾਂ ਦੀ ਗਿਣਤੀ ਬਹੁਤੀ ਹੈ। ਟਰਾਂਸਕਾਕੇਸ਼ੀਆ ਵਿਚ ਜ਼ਿਆਦਾ ਤਰ ਜਾਰਜੀ, ਆਰਮੀਨੀ ਅਤੇ ਆਜ਼ਰਬਾਈਜਾਨ ਦੇ ਤੁਰਕ ਰਹਿੰਦੇ ਹਨ। ਹਰ ਇਕ ਦੀ ਗਿਣਤੀ ਦਸ ਤੋਂ ਤੀਹ ਲਖ ਦੀ ਹੈ। ਵਾਲਗਾ ਨਦੀ ਦੇ ਥਲਵੇਂ ਹਿੱਸੇ ਵਿਚ ਕਲਮੁਕ ਲੋਕ ਰਹਿੰਦੇ ਹਨ, ਜਿਹੜੇ ਮੰਗੋਲ ਨਸਲ ਦੇ ਹਨ। ਇਨਕਲਾਬ ਤੋਂ ਪਹਿਲਾਂ ਇਹਨਾਂ ਨੇ ਕੋਈ ਤਰੱਕੀ ਨਹੀਂ ਸੀ ਕੀਤੀ। ਅਤੇ ਇਹ ਘੋੜੇ, ਭੇਡਾਂ ਅਤੇ ਡੰਗਰ ਪਾਲ ਕੇ ਆਪਣਾ ਗੁਜ਼ਾਰਾ ਕਰਦੇ ਸਨ। ਤੁਰਕਸਤਾਨ ਦੇ ਘਾਹ ਦੇ ਮੈਦਾਨਾਂ ਵਿਚ ਕਿਰਗੀਜ਼ ਅਤੇ ਕਾਜ਼ਕ ਰਹਿੰਦੇ ਹਨ। ਇਹ ਤੁਰਕ ਨਸਲ ਵਿਚੋਂ ਹਨ ਅਤੇ ਇਹਨਾਂ ਦੀ ਗਿਣਤੀ ਤੀਹ ਤੋਂ ਪੰਜਾਹ ਲਖ ਹੈ। ਮਧ ਏਸ਼ੀਆ ਵਿਚ ਪੰਜਾਹ ਲਖ ਉਜ਼ਬੇਗ, ਦਸ ਲਖ ਤੁਰਕ, ਅਤੇ ਤਕਰੀਬਨ ਵੀਹ ਲਖ ਤਾਜਿਕ ਵਸਦੇ ਹਨ। ਪੱਛਮੀ ਸਾਇਬੇਰੀਆ ਵਿਚ ਰੂਸੀ ਵਧ ਗਿਣਤੀ ਵਿਚ ਹਨ। ਏਥੋਂ ਦੇ ਅਸਲੀ ਵਸਨੀਕ ਸੈਮੀਓਡੀਜ਼ ਅਤੇ ਵੋਗੁਲ ਆਦਿ ਹਨ; ਇਹਨਾਂ ਦਾ ਗੁਜ਼ਾਰਾ ਸ਼ਿਕਾਰ ਉੱਤੇ ਹੈ। ਦੂਰ ਪੂਰਬ ਵਿਚ ਵੀ ਰੂਸੀਆਂ ਦੀ ਆਬਾਦੀ ਬਹੁਤੀ ਹੈ। ਪੂਰਬੀ ਸਾਇਬੇਰੀਆ ਦੇ ਬਹੁਤੇ ਹਿੱਸਿਆਂ ਵਿਚ ਤੁਰਕੀ ਨਸਲ ਦੇ ਯਾਕੂਤ, ਅਤੇ ਮੰਗੋਲ ਨਸਲ ਦੇ ਬੁਰੈਤ ਵਸਦੇ ਹਨ।

ਇਹਨਾਂ ਵਡੀਆਂ ਤੋਂ ਛੁਟ ਕਈ ਛੋਟੀਆਂ ਕੌਮਾਂ ਵੀ ਹਨ – ਵਾਲਗਾ ਅਤੇ ਕਰੀਮੀਆ ਦੇ ਤਾਤਾਰ (੧੦ ਲਖ), ਯੂਕਰੇਨ ਅਤੇ ਸਫ਼ੈਦ ਰੂਸ ਦੇ ਯਹੂਦੀ (੫੦ ਲਖ), ਵਾਲਗਾ ਦੇ ਜਰਮਨ ਅਤੇ ਫ਼ਿੰਨੀ (ਦਸ ਦਸ ਲਖ)।

ਕੌਮੀ ਘਟ-ਗਿਣਤੀਆਂ ਦਾ ਸਵਾਲ

ਜਦੋਂ ਬਾਲਸ਼ਵਿਕਾਂ ਨੇ ਰੂਸ ਦੀ ਹਕੂਮਤ ਆਪਣੇ ਹਥਾਂ ਵਿਚ ਲਈ,

ਤਾਂ ਉਨ੍ਹਾਂ ਵੇਖਿਆ ਕਿ ਇਹ ਸਾਰੀਆਂ ਕੌਮਾਂ ਇਕ ਦੂਜੀ ਨਾਲ ਸਖ਼ਤ ਦੁਸ਼ਮਣੀ ਰਖਦੀਆਂ ਹਨ। ਮਿਸਾਲ ਲਈ, ਟਰਾਂਸਕਾਕੇਸ਼ੀਆ ਦੇ ਤੁਰਕਾਂ ਅਤੇ ਆਰਮੀਨੀ ਲੋਕਾਂ ਵਿਚਕਾਰ ਸਖ਼ਤ ਵੈਰ ਸੀ, ਕਈ ਵਾਰ ਵੱਡੇ ਵੱਡੇ ਕਤਲ ਆਮ ਹੋ ਜਾਂਦੇ ਸਨ। ਮਧ ਏਸ਼ੀਆ ਦੇ ਉਜ਼ਬੇਗ ਤੁਰਕਾਂ ਨਾਲ ਲੜਦੇ ਹੀ ਰਹਿੰਦੇ ਸਨ। ਤਾਜ਼ਿਕ ਉਜ਼ਬੇਗਾਂ ਦੇ ਦੁਸ਼ਮਨ ਸਨ। ਗੱਲ ਕੀ, ਕਿਤੇ ਵੀ ਕੋਈ ਦੋ ਕੌਮਾਂ ਮਿਲ ਜੁਲ ਕੇ ਨਹੀਂ ਸਨ ਰਹਿ ਰਹੀਆਂ।

ਇਹ ਦੁਸ਼ਮਣੀਆਂ ਕੁਦਰਤੀ ਸਨ ਕਿਉਂਕਿ ਜ਼ਾਰ ਸ਼ਾਹੀ ਦੇ ਵੇਲੇ ਇਹ ਸਾਰੀਆਂ ਕੌਮਾਂ ਆਰਥਕ, ਸੋਸ਼ਲ ਅਤੇ ਧਾਰਮਕ ਤਰੱਕੀ ਦੇ ਅੱਡ ਅੱਡ ਪੜਾਵਾਂ ਤੇ ਸਨ। ਸਿਵਾਏ ਵੱਡੇ ਰੂਸੀਆਂ ਦੇ ਖ਼ਿਲਾਫ਼ ਸਾਂਝੀ ਦੁਸ਼ਮਨੀ ਦੇ ਉਹਨਾਂ ਵਿਚਕਾਰ ਹੋਰ ਕਿਸੇ ਗੱਲ ਦੀ ਸਾਂਝ ਨਹੀਂ ਸੀ। ਤੇ ਉਹ ਇਕ ਦੂਜੇ ਨੂੰ ਆਰਥਕ, ਸਮਾਜਕ ਅਤੇ ਰਾਜਸੀ ਤੌਰ ਤੇ ਆਪਣੇ ਅਧੀਨ ਕਰਨ ਲਈ ਲਗਾਤਾਰ ਲੜਦੇ ਝਗੜਦੇ ਰਹਿੰਦੇ ਸਨ। ਪਰ ਇਹ ਦੁਸ਼ਮਣੀਆਂ ਧਾਰਮਕ ਨੀਂਹਾਂ ਤੇ ਨਹੀਂ, ਸਗੋਂ ਤੰਗ ਕੌਮੀ ਨੀਂਹਾਂ ਤੇ ਉਸਰੀਆਂ ਹੋਈਆਂ ਸਨ। ਉਜ਼ਬੇਗ ਤੇ ਤੁਰਕ ਦੋਵੇਂ ਸੁੰਨੀ ਮੁਸਲਮਾਨ ਹੁੰਦਿਆਂ ਵੀ ਦੁਸ਼ਮਨ ਸਨ। ਸਫ਼ੈਦ ਰੂਸੀ ਤੇ ਵੱਡੇ ਰੂਸੀ ਦੋਵੇਂ ਈਸਾਈ ਹੁੰਦਿਆਂ ਵੀ ਵੈਰੀ ਸਨ। ਸਾਂਝੀਵਾਲਤਾ ਦੇ ਨੁਕਤੇ ਤੋਂ ਇਹ ਗੱਲ ਬੜੀ ਖ਼ਤਰਨਾਕ ਸੀ ਕਿਉਂਕਿ ਇਸ ਨਾਲ ਜਮਾਤੀ-ਘੋਲ ਦੇ ਪਿਛਾਂਹ ਪੈ ਜਾਣ ਦਾ ਡਰ ਸੀ। ਇਸੇ ਕਰ ਕੇ ਬਾਲਸ਼ਵਿਕ ਲੀਡਰ ਇਸ ਮਰਜ਼ ਦਾ ਇਲਾਜ ਕਰਨ ਲਈ ਉਤਾਵਲੇ ਸਨ।

ਪਰ ਜ਼ਾਰ ਸ਼ਾਹੀ ਨੇ ਇਹਨਾਂ ਸਵਾਲਾਂ ਦੇ ਹੱਲ ਵਲ ਕਦੇ ਵੀ ਧਿਆਨ ਨਹੀਂ ਸੀ ਦਿੱਤਾ। ਉਹ ਤਾਂ ਸਗੋਂ 'ਫੁਟ ਪਾਉ ਤੇ ਹਕੂਮਤ ਕਰੋ' ਦੇ ਅਸੂਲ ਤੇ ਅਮਲ ਕਰਦੀ ਸੀ। ਮੁਲਕ ਨੂੰ ਕੌਮੀ ਨੁਕਤੇ ਤੋਂ ਨਹੀਂ ਸਗੋਂ ਰਾਜਸੀ ਤੇ ਫ਼ੌਜੀ ਨੁਕਤੇ ਤੇ ਅੱਡ ਅੱਡ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਅੱਡ ਅੱਡ ਕੌਮਾਂ ਨੂੰ ਬਿਨਾਂ ਕੁਝ ਸਾਝਿਆਂ ਹੋਣ ਦੇ ਵੀ ਇਕੋ ਸੂਬੇ ਵਿਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ। ਨਾਲੇ ਹਕੂਮਤ ਬਾਕੀਆਂ ਵਲੋਂ

ਨਾਲੋਂ ਬਹੁਤ ਜ਼ਿਆਦਾ ਮਜ਼ੂਬ, ਕੌਮਾਂ ਤੇ ਕਬੀਲੇ ਸਨ। ਜੇ ਰੂਸ ਨੇ ਇਹ ਸਵਾਲ ਹਲ ਕਰ ਲਿਆ ਹੈ ਤਾਂ ਉਹਨਾਂ ਲੀਹਾਂ ਤੇ ਅਸੀ ਵੀ ਇਹ ਸਵਾਲ ਹਲ ਕਰ ਸਕਦੇ ਹਾਂ। ਰੂਸ ਵਿਚ ਤਜਰਬਾ ਹੋ ਚੁਕਾ ਹੈ, ਅਸੀ ਇਸ ਤੋਂ ਲਾਭ ਉਠਾ ਸਕਦੇ ਹਾਂ। ਹਿੰਦੁਸਤਾਨ ਵਿਚ ਵੀ ਇਸ ਕੌਮੀ ਸਵਾਲ ਦੇ ਹਲ ਲਈ ਜ਼ਰੂਰੀ ਹੈ ਕਿ ਸਾਰੀਆਂ ਘਟ ਗਿਣਤੀ ਕੌਮਾਂ ਅਤੇ ਫਿਰਕਿਆਂ ਨੂੰ ਆਤਮ ਨਿਰਨਯ ਦਾ ਹਕ ਅਤੇ ਕਲਚਰ ਦੀ ਪੂਰੀ ਆਜ਼ਾਦੀ ਦੇ ਦਿਤੀ ਜਾਵੇ। ਸਾਡਾ ਕੌਮੀ ਸਵਾਲ ਇਤਨਾ ਭਿਆਨਕ ਨਹੀਂ ਜਿੰਨਾ ਅਸੀ ਸਮਝੀ ਬੈਠੇ ਹਾਂ।

ਪ੍ਰੀਤ ਨਗਰ
੨੯. ੭. ੪੨.

ਸਹਿਰਾਈ

ਯੂ. ਐਸ. ਐਸ. ਆਰ. ਵਿਚ ਕੌਮੀ ਘਟ ਗਿਣਤੀਆਂ

National Minorities in the U. S. S. R.

ਕੌਮਾਂ ਦੀ ਭਰਮਾਰ

ਸਾਵੀਅਟ ਯੂਨੀਅਨ ਵਿਚ ਕਿਸੇ ਖ਼ਾਸ ਇਕ ਨਸਲ ਦੇ ਲੋਕ ਨਹੀਂ ਵਸਦੇ, ਸਗੋਂ ਇਥੇ ਕਈ ਨਸਲਾਂ ਅਤੇ ਕੌਮਾਂ ਰਹਿੰਦੀਆਂ ਹਨ, ਜਿਨ੍ਹਾਂ ਦੀ ਬੋਲੀ ਅਤੇ ਮਜ਼ੂਬ ਅਡ ਅਡ ਹਨ ਅਤੇ ਉਹ ਉੱਨਤੀ ਦੀਆਂ ਵੀ ਅਡ ਅਡ ਮੰਜ਼ਲਾਂ ਤੇ ਹਨ। ਰੂਸ ਦੀ ਆਬਾਦੀ ਸਤਾਰਾਂ ਕਰੋੜ ਹੈ ਤੇ ਵਡੀਆਂ ਵਡੀਆਂ ਕੌਮਾਂ ਦੀ ਗਿਣਤੀ ਸੱਠ ਦੇ ਕਰੀਬ ਹੈ; ਪਰ ਜੇ ਹਜ਼ਾਰਾਂ ਦੀ ਗਿਣਤੀ ਵਾਲੇ ਕਬੀਲਿਆਂ ਨੂੰ ਵੀ ਗਿਣ ਲਿਆ ਜਾਵੇ ਤਾਂ ਕੌਮਾਂ ਦੀ ਇਹ ਤੈਦਾਦ ਦੋ ਸੌ ਤਕ ਜਾ ਪੁਜਦੀ ਹੈ।

ਸਭ ਨਾਲੋਂ ਵਡੀ ਘਟ ਗਿਣਤੀ ਵਡੇ ਰੂਸੀਆਂ (Great Russians) ਦੀ ਹੈ (ਨੌਂ ਕਰੋੜ) ਜਿਹੜੇ ਜ਼ਿਆਦਾ ਤਰ ਸਾਵੀਅਟ ਯੂਨੀਅਨ ਦੇ ਉੱਤਰੀ ਹਿੱਸੇ ਵਿਚ ਰਹਿੰਦੇ ਹਨ ਅਤੇ ਕੁਝ ਉੱਤਰੀ ਕਾਕੇਸ਼ੀਆ, ਪੱਛਮੀ ਸਾਇਬੇਰੀਆ ਅਤੇ ਹੋਰ ਹਿਸਿਆਂ ਵਿਚ ਖਿਲਰੇ ਹੋਏ ਹਨ। ਦੂਜੀ ਵਡੀ ਘਟ ਗਿਣਤੀ ਯੂਕਰੀਨੀਆਂ ਦੀ ਹੈ (ਸਾਢੇ ਤਿੰਨ ਕਰੋੜ), ਜਿਹੜੇ ਯੂਰਪੀ ਰੂਸ ਦੇ ਦਖਣੀ ਹਿਸੇ ਵਿਚ ਰਹਿੰਦੇ ਹਨ। ਇਹ ਲੰਮੇ, ਛੋਟੇ ਸਿਰਾਂ ਵਾਲੇ ਅਤੇ ਪੱਕੇ ਰੰਗ ਦੇ ਹਨ। ਵਡੇ ਰੂਸੀਆਂ ਅਤੇ ਯੂਕਰੀਨੀਆਂ ਦੇ ਵਿਚਕਾਰ ਸਾਵੀਅਟ ਯੂਨੀਅਨ ਦੀ ਪੱਛਮੀ ਸਰਹਦ ਉੱਤੇ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.